# ਕਿਸਾਨੀ ਸੰਘਰਸ਼: ਸਿੰਘੂ ਬਾਰਡਰ ਉੱਤੇ ਕਿਸਾਨਾਂ ਨੇ ਖੇਤੀ ਕਾਨੂੰਨ ਦੀਆਂ ਕਾਪੀਆਂ ਸਾੜ ਕੇ ਲੋਹੜੀ ਮਨਾਈ

ਨਵੀਂ ਦਿੱਲੀ, 13 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਵਿਰੁੱਧ ਰਾਜਧਾਨੀ ਦਿੱਲੀਦੇਬਾਰਡਰਾਂ ਉੱਤੇ ਕਿਸਾਨਾਂ ਦੇਸੰਘਰਸ਼ ਦੇ 49ਵੇਂ ਦਿਨ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨਾਂ ਨੇ ਕੇਂਦਰ ਦੇ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਸਾੜ ਕੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕੀਤਾ ਹੈ। ਕਿਸਾਨਾਂ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨਣ ਬਾਰੇ ਕੇਂਦਰ ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕੀਤੇ ਜਾਣ ਦੀ ਮੰਗ ਦੁਹਰਾਈ ਹੈ।



ਵਰਨਣ ਯੋਗ ਹੈ ਕਿ ਅੱਜ ਲੋਹੜੀ ਦਾ ਤਿਉਹਾਰ ਸੀ, ਜਿਹੜਾ ਪੰਜਾਬ, ਹਰਿਆਣਾ ਅਤੇ ਉੱਤਰ ਦੇਸ਼ ਦੇ ਕੁਝ ਹੋਰ ਹਿੱਸਿਆਂ ਵਿਚ ਜੋਸ਼ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਲੱਕੜਾਂ ਇਕੱਠੀਆਂ ਕਰ ਕੇ ਸਾੜਦੇ ਅਤੇ ਸਾਰੇ ਲੋਕਾਂ ਦੇ ਸੁਖ ਅਤੇ ਖੁਸ਼ਹਾਲੀ ਦੀ ਕਾਮਨਾ ਕਰਦੇ ਹਨ, ਪਰ ਅੱਜਸੰਘਰਸ਼ ਕਰਦੇ ਕਿਸਾਨਾਂ ਨੇ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਸਾੜ ਕੇ ਇਨ੍ਹਾਂ ਕਾਨੂੰਨਾਂ ਬਾਰੇ ਵਿਰੋਧ ਜ਼ਾਹਰ ਕੀਤਾ। ਕਿਸਾਨ ਇਸ ਸੰਘਰਸ਼ ਦੌਰਾਨ ਆਪਣੇ ਹੱਕਾਂ ਦੀ ਲੜਾਈ ਲੜਨ ਦੇ ਲਈ ਕੜਾਕੇ ਦੀ ਠੰਢ ਵਿੱਚ ਵੀ ਡਟੇ ਹੋਏ ਹਨ। ਇੱਕ ਦਿਨ ਪਹਿਲਾਂ ਭਾਰਤ ਦੀ ਸੁਪਰੀਮ ਕੋਰਟ ਨੇ ਤਿੰਨਾਂ ਨਵੇਂ ਖੇਤੀ ਕਾਨੂੰਨਾਂ ਬਾਰੇ ਕੇਂਦਰ ਸਰਕਾਰ ਤੇ ਦਿੱਲੀ ਦੇਬਾਰਡਰਾਂ ਉੱਤੇ ਧਰਨਾ ਦੇ ਰਹੇ ਕਿਸਾਨ ਆਗੂਆਂ ਵਿਚਾਲੇ ਮੁੱਦੇ ਨੂੰ ਸੁਲਝਾਉਣ ਲਈ ਇਨ੍ਹਾਂ ਕਾਨੂੰਨਾਂ ਦੇ ਅਮਲ ਉੱਤੇ ਅਗਲੇ ਹੁਕਮਾਂ ਤੱਕ ਰੋਕ ਲਾ ਦਿੱਤੀਤੇ ਕਿਸਾਨਾਂ ਦੀਆਂ ਸਮੱਸਿਆਵਾਂ ਉੱਤੇ ਵਿਚਾਰ ਲਈ ਇੱਕ 4 ਮੈਂਬਰੀ ਕਮੇਟੀ ਬਣਾਈ ਸੀ, ਜਿਸ ਨੂੰ ਕਿਸਾਨ ਜਥੇਬੰਦੀਆਂ ਨੇ ਸਹਿਯੋਗ ਦੇਣ ਤੋਂ ਨਾਂਹ ਕਰ ਦਿੱਤੀ ਹੈ। ਅੱਜ ਭਾਰਤ ਦੇ ਕਈ ਰਾਜਾਂ, ਜਿਨ੍ਹਾਂ ਵਿੱਚੋਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾ ਖੰਡ, ਰਾਜਸਥਾਨ ਆਦਿ ਪ੍ਰਮੁੱਖ ਹਨ, ਵਿੱਚ ਕੇਂਦਰ ਸਰਕਾਰ ਦੇ ਨਵੇਂ ਖੇਤੀਬਾੜੀ ਕਾਨੂੰਨਾਂ ਨੂੰ ਸਾੜ ਕੇ ਲੋਕਾਂ ਨੇ ਲੋਹੜੀ ਮਨਾਈ ਹੈ। ਜਿਹੜੇ ਕਿਸਾਨ ਟੋਲ ਪਲਾਜ਼ਿਆਂ ਜਾਂ ਹੋਰਨਾਂ ਥਾਂਵਾਂ ਉੱਤੇ ਧਰਨੇ ਲਾ ਕੇ ਬੈਠੇ ਹੋਏ ਹਨ, ਉਨ੍ਹਾਂ ਨੇ ਵੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਹਨ ਤੇ ਬਹੁਤ ਸਾਰੇ ਲੋਕਾਂ ਨੇ ਘਰਾਂ ਜਾਂ ਪਿੰਡਾਂ ਦੀਆਂ ਸੱਥਾਂ ਵਿੱਚ ਵੀ ਇਸ ਤਰ੍ਹਾਂ ਲੋਹੜੀ ਮਨਾਈ ਹੈ।

## ਕਿਸਾਨੀ ਸੰਘਰਸ਼ ਦੇ ਪੀੜ੍ਹਤਾਂ ਦੀ ਵਿੱਤੀ ਮੱਦਦ ਕਰੇਗਾ ਐੱਨ ਆਰ ਆਈ ਪੰਜਾਬੀ ਭਾਈਚਾਰਾ

ਟੋਰਾਂਟੋ, 13 ਜਨਵਰੀ (ਪੋਸਟ ਬਿਊਰੋ)- ਗਾਉਂਦਾ ਪੰਜਾਬ ਰੇਡੀਓ ਦੇ ਮਾਲਕ ਜੁਗਿੰਦਰ ਸਿੰਘ ਬਾਸੀ ਤੇ ਗੁਰਭੇਜ ਸਿੰਘ ਸਿੱਧੂ ਵਲੋਂ ਕੈਨੇਡਾ ਅਤੇ ਅਮਰੀਕਾ ਵਾਸੀ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਦਿੱਲੀ 'ਚ ਚੱਲ ਰਹੇ ਕਿਸਾਨੀ ਸੰਘਰਸ਼ ਵਿਚ ਆਪਣੀਆਂ ਜਾਨਾਂ ਗਵਾਉਣ ਵਾਲੇ ਤੇ ਅਪਾਹਜ ਹੋ ਗਏ ਕਿਸਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਆਰਥਿਕ ਮੱਦਦ ਲਈ ਇਕ ਕਰੋੜ ਰੁਪਏ (ਲਗਪਗ ਪੌਣੇ ਦੋ ਲੱਖ ਕੈਨੇਡੀਅਨ ਡਾਲਰ) ਦੀ ਰਾਸ਼ੀ ਦਿੱਤੀ ਗਈ ਹੈ। ਬਾਸੀ ਨੇ ਕਿਹਾ ਕਿ ਇਹ ਰਕਮ 'ਗਾਉਂਦਾ ਪੰਜਾਬ' ਰੇਡੀਓ



ਅਤੇ ਟੈਲੀਵਿਜ਼ਨ ਦੇ ਪ੍ਰੋਗਰਾਮ ਦੇ ਸਰੋਤਿਆਂ ਦੇ ਸਹਿਯੋਗ ਨਾਲ ਇਕੱਠੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਦਾ ਪੰਜਾਬੀ ਭਾਈਚਾਰਾ ਸੰਘਰਸ਼ ਕਰ ਰਹੇ ਕਿਸਾਨਾਂ ਦੀ ਹਰ ਸੰਭਵ ਮੱਦਦ ਕਰਨ ਲਈ ਯਤਨਸ਼ੀਲ ਹੈ। ਪੀੜਤਾਂ ਦੀ ਅਧਿਕਾਰਤ ਸੂਚੀ ਪੰਜਾਬ ਸਰਕਾਰ ਤੋਂ ਲੈਣ ਲਈ ਮੁੱਖ ਮੰਤਰੀ ਕੈ. ਅਮਰਿੰਦਰ ਸਿੰਘ ਦੇ ਸਲਾਹਕਾਰ ਰਵੀਨ ਠੁਕਰਾਲ ਨਾਲ ਗੱਲਬਾਤ ਹੋ ਚੁੱਕੀ ਹੈ। ਬਾਸੀ ਨੇ ਦੱਸਿਆ ਕਿ ਸੰਘਰਸ਼ ਵਿਚ ਜਾਨ ਗਵਾਉਣ ਵਾਲੇ ਕਿਸਾਨ ਦੇ ਪਰਿਵਾਰ ਨੂੰ 1 ਲੱਖ ਰੁਪਏ ਅਤੇ ਅੰਗਹੀਣ ਹੋ ਗਏ ਕਿਸਾਨ ਨੂੰ 50000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ।

## ਯੂਟਿਊਬ ਵੱਲੋਂ ਡੋਨਾਲਡ ਟਰੰਪ ਦਾ ਚੈਨਲ ਸਸਪੈਂਡ

### * ਨੀਤੀਆਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਗਿਆ

ਨਿਊਯਾਰਕ, 13 ਜਨਵਰੀ, (ਪੋਸਟ ਬਿਊਰੋ)- ਯੂਟਿਊਬ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਚੈਨਲ ਘੱਟੋ-ਘੱਟ ਇਕ ਹਫ਼ਤੇ ਲਈ ਬੰਦ ਕਰ ਦਿੱਤਾ ਹੈ ਤੇ ਆਸ ਹੈ ਕਿ ਇਹ ਅੱਗੋਂ ਵੀ ਸਸਪੈਂਡ ਰੱਖਿਆ ਜਾ ਸਕਦਾ ਹੈ। ਕੰਪਨੀ ਨੇ ਕੱਲ੍ਹ ਸ਼ਾਮ ਕਿਹਾ ਕਿ ਟਰੰਪ ਦੇ ਚੈਨਲ ਨੇ ਮੰਚ ਦੀਆਂ ਨੀਤੀਆਂ ਦੀ ਉਲੰਘਣਾ ਕੀਤੀ ਹੈ।




ਅਸਲ ਵਿੱਚ ਡੋਨਾਲਡ ਟਰੰਪ ਦੇ ਚੈਨਲ ਉੱਤੇਪਿੱਛੇ ਜਿਹੇ ਇਕ ਵੀਡੀਓ ਪੋਸਟ ਹੋਈ ਸੀ, ਜਿਸ ਨਾਲਅਮਰੀਕਾ ਦੀ ਪਾਰਲੀਮੈਂਟ ਬਿਲਡਿੰਗ ਵਿਰੁੱਧ ਹਿੰਸਾ ਭੜਕੀ ਸੀ। ਯੂਟਿਊਬ ਨੇ ਦੱਸਿਆ ਕਿ ਇਹ ਵੀਡੀਓਹਟਾ ਦਿੱਤਾ ਗਿਆ ਹੈ। ਯੂਟਿਊਬ ਨੇ ਟਰੰਪਦੇ ਚੈਨਲ ਬਾਰੇ ਲਏ ਇਸ ਫ਼ੈਸਲੇ ਬਾਰੇ ਹੋਰ ਜਾਣਕਾਰੀ ਨਹੀਂ ਦਿੱਤੀ ਤੇ ਕਿਹਾ ਹੈ ਕਿ ਇਕ ਹਫ਼ਤੇ ਤੋਂ ਬਾਅਦ ਇਸ ਬਾਰੇ ਅਗਲੇ ਫ਼ੈਸਲੇ ਉੱਤੇ ਵਿਚਾਰ ਕੀਤੀ ਜਾਵੇਗੀ।

ਵਰਨਣ ਯੋਗ ਹੈ ਕਿ ਯੂਟਿਊਬ ਅਜਿਹਾ ਸੋਸ਼ਲ ਮੀਡੀਆ ਪਲੈਟਫਾਰਮ ਬਚਿਆ ਸੀ, ਜਿਸ ਨੇ ਟਰੰਪ ਨੂੰ ਅਜੇ ਤੱਕ ਸਸਪੈਂਡ ਨਹੀਂ ਕੀਤਾ ਸੀ। ਇਸ ਤੋਂ ਪਹਿਲਾਂ ਫੇਸਬੁੱਕ ਨੇ ਟਰੰਪ ਦਾ ਅਕਾਊਂਟ ਸਦਾ ਲਈ ਬੰਦ ਕਰ ਦਿੱਤਾ ਸੀ, ਜਦੋਂਕਿ ਟਵਿੱਟਰ ਨੇ ਟਰੰਪ ਉੱਤੇ ਪੂਰੀ ਤਰ੍ਹਾਂ ਰੋਕ ਲਾਈ ਹੈ।ਯੂਟਿਊਬਦੇ ਬੁਲਾਰੇ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਧਿਆਨ ਨਾਲ ਘੋਖ ਕਰਨ ਪਿੱਛੋਂਅਤੇ ਹਿੰਸਾ ਦੀਆਂ ਸੰਭਾਵਨਾਵਾਂ ਬਾਰੇ ਚਿੰਤਤ ਹੋ ਕੇ ਹੀ ਅਸੀਂ ਡੋਨਾਲਡ ਟਰੰਪ ਦੇ ਚੈਨਲ ਉੱਤੇ ਅਪਲੋਡ ਕੀਤੀ ਨਵੀਂ ਸਮੱਗਰੀ ਹਟਾਈ ਹੈ ਅਤੇ ਹਿੰਸਾ ਭੜਕਾਉਣ ਵਿਰੁੱਧ ਸਾਡੀਆਂ ਨੀਤੀਆਂ ਦੀ ਉਲੰਘਣਾ ਕਰਨ ਬਾਰੇ ਕਾਰਵਾਈ ਅਜੇ ਜਾਰੀ ਹੈ। ਇਸ ਦੇ ਨਤੀਜੇ ਵਜੋਂ ਅਸੀਂ ਚੈਨਲ ਉੱਤੇ ਨਵੀਂ ਵੀਡੀਓ ਜਾਂ ਲਾਈਵ ਸਟ੍ਰੀਮ ਨੂੰ ਘੱਟੋ-ਘੱਟ ਸੱਤ ਦਿਨਾਂ ਤਕ ਅਪਲੋਡ ਕਰਨ ਤੋਂ ਰੋਕਿਆ ਹੈ, ਜਿਸ ਨੂੰ ਵਧਾਇਆ ਜਾ ਸਕਦਾ ਹੈ।

## ਹੇਮਾ ਮਾਲਿਨੀ ਵੀ ਪ੍ਰਦਰਸ਼ਨ ਕਰਦੇ ਕਿਸਾਨਾਂ ਖਿਲਾਫ ਬੋਲਣ ਲੱਗ ਪਈ

ਮਥੁਰਾ, 13 ਜਨਵਰੀ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੀ ਪਾਰਲੀਮੈਂਟ ਮੈਂਬਰ ਅਤੇ ਪ੍ਰਸਿੱਧ ਫਿਲਮ ਸਟਾਰ ਹੇਮਾ ਮਾਲਿਨੀ ਨੇ ਵਿਰੋਧੀ ਪਾਰਟੀਆਂ ਉੱਤੇ ਕਿਸਾਨਾਂ ਨੂੰ ਗੁੰਮਰਾਹ ਕਰਨ ਦਾਦੋਸ਼ ਲਾਇਆ ਅਤੇ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਗਏ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਅਤੇ ਖੇਤੀ ਖੇਤਰ ਦੇ ਲਈ ਲਾਹੇਵੰਦ ਦੱਸਿਆ ਹੈ।



ਹੇਮਾ ਮਾਲਿਨੀ ਕੱਲ੍ਹ ਮਥੁਰਾ ਦੇ ਵ੍ਰਿੰਦਾਵਨ ਵਿਚਲੀ ਆਪਣੀ ਰਿਹਾਇਸ਼ ਉੱਤੇ ਪਹੁੰਚੀ ਤਾਂ ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਨਵੇਂ ਖੇਤੀ ਕਾਨੂੰਨਾਂ ਵਿੱਚ ਕਮੀ ਨਹੀਂ, ਐਵੇਂ ਵਿਰੋਧੀਆਂ ਦੇ ਭੜਕਾਉਣ ਕਾਰਨ ਕਿਸਾਨਇਸ ਦੇ ਵਿਰੁੱਧ ਅੰਦੋਲਨ ਕਰ ਰਹੇ ਹਨ। ਹੇਮਾ ਨੇ ਕਿਹਾ, 'ਅੰਦੋਲਨ ਕਰਦੇ ਕਿਸਾਨ ਨਹੀਂ ਜਾਣਦੇ ਕਿ ਉਹ ਚਾਹੁੰਦੇ ਕੀ ਹਨ ਤੇ ਖੇਤੀ ਕਾਨੂੰਨਾਂ ਵਿੱਚ ਕੀ ਗਲਤ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਹ ਇਸ ਕਰ ਕੇ ਅੰਦੋਲਨ ਕਰ ਰਹੇ ਹਨ ਕਿ ਕੋਈ ਉਨ੍ਹਾਂ ਨੂੰ ਅਜਿਹਾ ਕਰਨ ਲਈ ਕਹਿ ਰਿਹਾ ਹੈ।'

ਇਸ ਦੌਰਾਨ ਕੋਰੋਨਾ ਵੈਕਸੀਨ ਬਾਰੇ ਸਮਾਜਵਾਦੀ ਪਾਰਟੀ ਦੇ ਮੁਖੀ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਦੇ ਬਿਆਨ ਉੱਤੇ ਹੇਮਾ ਮਾਲਿਨੀ ਨੇ ਕਿਹਾ, 'ਵਿਰੋਧੀਆਂ ਦਾ ਕੰਮ ਭਾਜਪਾ ਸਰਕਾਰ ਦੇ ਹਰ ਚੰਗੇ ਕੰਮਦੇ ਉਲਟ ਬੋਲਣਾ ਹੈ। ਕੇਂਦਰ ਸਰਕਾਰ ਵਿਰੋਧੀਆਂ ਦੀ ਪਰਵਾਹ ਕੀਤੇ ਬਿਨਾਂ ਹਰ ਮੁੱਦੇ ਉੱਤੇ ਅਡੋਲ ਖੜੀ ਹੈ।'

## ਅਮਰੀਕਾ ਵਿੱਚ 67 ਸਾਲ ਬਾਅਦ ਔਰਤ ਨੂੰ ਫਾਂਸੀ ਦਿੱਤੀ ਗਈ

### * ਗਰਭਵਤੀ ਦਾ ਢਿੱਡ ਚੀਰ ਕੇ ਬੱਚਾ ਕੱਢਣ ਦਾ ਦੋਸ਼ ਲੱਗਾ ਸੀ

ਵਾਸ਼ਿੰਗਟਨ, 13 ਜਨਵਰੀ, (ਪੋਸਟ ਬਿਊਰੋ)- ਅਮਰੀਕਾ ਦੀ ਸੁਪਰੀਮ ਕੋਰਟ ਵੱਲੋਂ ਮਹਿਲਾ ਕੈਦੀ ਲੀਜ਼ਾ ਮੋਂਟਗੋਮਰੀ ਨੂੰ ਫਾਂਸੀ ਦੇਣ ਲਈ ਰਾਹ ਸਾਫ਼ ਕਰ ਦੇਣ ਪਿੱਛੋਂ ਇਸ ਦੇਸ਼ ਵਿਚ ਤਕਰੀਬਨ ਸੱਤ ਦਹਾਕਿਆਂ ਬਾਅਦ ਇਕ ਔਰਤ ਨੂੰ ਫਾਂਸੀ ਦਿੱਤੀ ਗਈ ਹੈ। ਲੀਜ਼ਾ (52 ਸਾਲ) ਨੂੰ ਬੁੱਧਵਾਰ ਸਵੇਰੇ ਸਥਾਨਕ ਸਮੇਂ ਅਨੁਸਾਰ 1: 31 ਵਜੇ ਫਾਂਸੀ ਦੇਣ ਪਿੱਛੋਂ ਮ੍ਰਿਤਕ ਐਲਾਨ ਕਰਦਿੱਤਾ ਗਿਆ। ਉਸ ਨੇ 16 ਸਾਲ ਪਹਿਲਾਂ ਇਕ ਗਰਭਵਤੀ ਔਰਤ ਦਾ ਗਲਾ ਘੁੱਟਣ ਪਿੱਛੋਂ ਚਾਕੂ ਨਾਲ ਉਸ ਦਾ ਢਿੱਡ ਚੀਰ ਕੇ ਅੱਠ ਮਹੀਨੇ ਦੀ ਇਕ ਬੱਚੀ ਨੂੰ ਬਾਹਰ ਕੱਢ ਲਿਆ ਸੀ।



ਬੁੱਧਵਾਰ ਰਾਤ ਅਦਾਲਤ ਦੇ ਫੈਸਲੇ ਦੀ ਕਾਪੀ ਮਿਲਣ ਪਿੱਛੋਂ ਫੈਡਰਲ ਬਿਊਰੋ ਆਫ ਪ੍ਰਿਜ਼ਨ ਲੀਸਾ ਮੋਂਟਗੋਮਰੀ ਫਾਂਸੀ ਦੀ ਪ੍ਰਕਿਰਿਆ ਚਲਾਉਣ ਦੇ ਕੰਮ ਪੂਰੇ ਕਰਨ ਲੱਗ ਪਿਆ ਸੀ। ਉਸ ਤੋਂ ਪਹਿਲਾਂ 8ਵੀਂ ਅਮਰੀਕੀ ਸਰਕਟ ਕੋਰਟ ਆਫ਼ ਅਪੀਲਜ਼ ਵੱਲੋਂ ਲਾਈ ਉਹ ਪਾਬੰਦੀ ਅਦਾਲਤ ਨੇ ਹਟਾ ਦਿੱਤੀ ਸੀ, ਜਿਸ ਨਾਲ ਲੀਜ਼ਾ ਦੀ ਫਾਂਸੀ ਨੂੰ ਪੱਕੇ ਤੌਰ ਉੱਤੇ ਰੋਕ ਦਿੱਤਾ ਗਿਆ ਸੀ। ਇਸ ਕੇਸ ਵਿੱਚ ਕੋਲੰਬੀਆ ਜ਼ਿਲੇ ਦੀਸਰਕਟ ਕੋਰਟ ਨੇ ਅਪੀਲ ਵੀ ਜਾਰੀ ਕੀਤੀ ਸੀ।

## ਯੂ ਕੇ ਅਦਾਲਤ ਨੇ ਵਿਜੇ ਮਾਲਿਆ ਦੀ ਜਾਇਦਾਦ 'ਚੋਂ ਅਦਾਲਤੀ ਫ਼ੀਸ ਭਰਨ ਲਈ ਫੰਡ ਦੇਣ ਦੀ ਮੰਗ ਠੁਕਰਾਈ

ਲੰਡਨ, 13 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਇੱਕ ਅਦਾਲਤ ਨੇ ਵਿਜੇ ਮਾਲਿਆ ਦੀ ਉਸ ਮੰਗ ਨੂੰ ਠੁਕਰਾ ਦਿੱਤਾ ਹੈ ਜਿਸ 'ਚ ਉਸ ਨੇ ਅਦਾਲਤੀ ਫ਼ੀਸ ਅਦਾ ਕਰਨ ਲਈ ਉਸ ਦੀ ਜ਼ਬਤ ਕੀਤੀ ਜਾਇਦਾਦ 'ਚੋਂ ਕੁਝ ਹਿੱਸਾ ਦੇਣ ਦੀ ਮੰਗ ਕੀਤੀ ਸੀ। ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਖ਼ਿਲਾਫ਼ ਦੀਵਾਲੀਆ ਐਲਾਨਣ ਬਾਰੇ ਅਦਾਲਤੀ ਕਾਰਵਾਈ ਚੱਲ ਰਹੀ ਹੈ, ਜਿਸ ਦੀ ਅਗਵਾਈ ਭਾਰਤੀ ਬੈਂਕਾਂ ਵੱਲੋਂ ਸਟੇਟ ਬੈਂਕ ਆਫ ਇੰਡੀਆ ਵੱਲੋਂ ਕੀਤੀ ਜਾ ਰਹੀ ਹੈ। ਜੱਜ ਸੇਬੇਸਟੀਅਨ ਪ੍ਰੈਂਟਿਸ ਨੇ ਲੰਡਨ ਹਾਈ ਕੋਰਟ 'ਚ ਫ਼ੈਸਲਾ ਦੇਂਦਿਆਂ ਕਿਹਾ ਕਿ ਮਾਲਿਆ ਅਜਿਹੇ ਪ੍ਰਮਾਣਿਕਤਾ ਆਦੇਸ਼ ਲਈ ਲੋੜੀਂਦੀ ਮੁੱਢਲੀ ਜਾਣਕਾਰੀ ਪ੍ਰਦਾਨ ਕਰਨ ਤੋਂ ਅਸਫਲ ਰਿਹਾ ਹੈ। ਅਦਾਲਤ ਦੁਆਰਾ ਰੱਖੇ ਗਏ ਫੰਡਾਂ ਦੇ ਮੁੱਦੇ ਨੂੰ ਹੁਣ 22 ਜਨਵਰੀ ਨੂੰ ਪੂਰੀ ਤਰ੍ਹਾਂ ਹੱਲ ਕੀਤਾ ਜਾਵੇਗਾ। ਅਦਾਲਤ ਫ਼ੈਸਲਾ ਕਰੇਗੀ ਕਿ ਫਰਾਂਸ ਵਿਚਲੀ ਸ਼ਾਨਦਾਰ ਜਾਇਦਾਦ ਦੀ ਵਿਕਰੀ 'ਚੋਂ ਰਹਿਣ ਦੇ ਖ਼ਰਚਿਆਂ ਅਤੇ ਕਾਨੂੰਨੀ ਫੀਸਾਂ ਵਾਸਤੇ ਹਿੱਸਾ ਖ਼ਰਚਣ ਦੀ ਇਜਾਜ਼ਤ ਦਿੱਤੀ ਜਾਵੇ ਜਾਂ ਨਹੀਂ।

## ਮਾਲਵਾ ਸੱਭਿਆਚਾਰਕ ਮੰਚ ਪੰਜਾਬ ਨੇ ਮੰਤਰੀ ਰੰਧਾਵਾ ਅਤੇ ਬਲਬੀਰ ਸਿੰਘ ਨੂੰ ਗਾਗਰਾਂ ਭੇਟ ਕਰਕੇ ਮਨਾਈ ਲੋਹੜੀ





ਮਾਲਵਾ ਸੱਭਿਆਚਾਰਕ ਮੰਚ ਪੰਜਾਬ ਨੇ ਮੰਤਰੀ ਰੰਧਾਵਾ ਅਤੇ ਬਲਬੀਰ ਸਿੰਘ ਨੂੰ ਗਾਗਰਾਂ ਭੇਟ ਕਰਕੇ ਮਨਾਈ ਲੋਹੜੀ। ਇਸ ਮੌਕੇ ਗਾਇਕ ਸੁਖਵਿੰਦਰ ਸੁੱਖੀ ਨੇ ਕਿਸਾਨੀ ਨਾਲ ਸਬੰਧਤ ਗੀਤਾਂ ਦੀ ਕੇਸ਼ਕਾਰੀ ਕੀਤੀ। ਮਾਲਵਾ ਸੱਭਿਆਚਾਰਕ ਮੰਚ ਪੰਜਾਬ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਪਵਨ ਗਰਗ ਨੇ ਲੋਹੜੀ ਦੇ ਤਿਉਹਾਰ ਦੀ ਖ਼ੁਸ਼ੀ ਪੰਜਾਬ ਦੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਮੰਤਰੀ ਬਲਬੀਰ ਸਿੰਘ ਨੂੰ ਗਾਗਰਾਂ ਭੇਟ ਕਰਕੇ ਮਨਾਈ।ਮੰਤਰੀ ਰੰਧਾਵਾ ਦੇ ਮੰਤਰੀ ਬਲਬੀਰ ਸਿੰਘ ਨੇ ਬਾਵਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੀ ਇਸ ਗੱਲ ਲਈ ਭਰਪੂਰ ਸ਼ਲਾਘਾ ਕੀਤੀ ਕਿ ਉਹ ਪਿਛਲੇ 27 ਸਾਲਾਂ ਤੋਂ ਧੀਆਂ ਦੀ ਲੋਹੜੀ ਮਨਾ ਕੇ ਸਮਾਜ ਨੂੰ ਇੱਕ ਚੰਗਾ ਸੰਦੇਸ਼ ਦੇ ਰਹੇ ਹਨ । ਉਨਾਂ ਕਿਹਾ ਕਿ ਉਹ ਇਸ ਮੁਹਿੰਮ ਨੂੰ ਲਗਾਤਾਰ ਜਾਰੀ ਰੱਖਣ । ਮੰਚ ਵੱਲੋਂ ਰੱਖੇ ਗਏ ਲੋਹੜੀ ਦੇ ਪ੍ਰੋਗ੍ਰਾਮ ਵਿਚ ਪ੍ਰਸਿੱਧ ਲੋਕ ਗਾਇਕ ਸੁਖਵਿੰਦਰ ਸੁੱਖੀ ਨੇ ਆਪਣੇ ਗੀਤਾਂ ਦੀ ਪੇਸ਼ਕਾਰੀ ਰਾਹੀਂ ਕਿਸਾਨਾਂ ਦੇ ਦਰਦ ਨੂੰ ਬਿਆਨ ਕਰਦਿਆਂ ਹੋਇਆ ਮੋਦੀ ਸਰਕਾਰ ਨੂੰ ਇਹ ਅਪੀਲ ਕੀਤੀ ਕਿ ਕਿਸਾਨ ਵਿਰੋਧੀ ਬਿਲ ਨੂੰ ਵਾਪਸ ਲੈਣ ਤਾਂ ਜੋ ਇਹ ਅੰਦੋਲਨ ਖ਼ਤਮ ਹੋ ਸਕੇ ।



ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

## ਅੱਜ ਨਾਮਾ

ਲੋਹੜੀ ਆਈ ਤੋਂ ਲੋਹੜੀ ਦਾ ਚਾਅ ਨਾਹੀਂ,
ਪਹਿਲੇ ਵਾਲੜੀ ਚਹਿਲ ਨਾ ਪਹਿਲ ਮੀਆਂ।
ਬੈਠੇ ਕਿਸਾਨ ਕਈ ਦਿੱਲੀ ਦੇ ਬਾਰਡਰਾਂ'ਤੇ,
ਉਸ ਥਾਂ ਬੈਠਣਾ ਕੰਮ ਨਹੀਂ ਸਹਿਲ ਮੀਆਂ।
ਜ਼ੀਰੋ ਡਿਗਰੀ ਦੀ ਕਹਿਰ ਦੀ ਠੰਢ ਅੰਦਰ,
ਸਕਦਾ ਆਮ ਵੀ ਬੰਦਾ ਨਾ ਟਹਿਲ ਮੀਆਂ।
ਤੱਕ ਕੇ ਸਿਰੜ ਕਿਰਸਾਨਾਂ ਦਾ ਇੰਜ ਡਾਢਾ,
ਕੰਬਣ ਲੱਗੇ ਆ ਕਈਆਂ ਦੇ ਮਹਿਲ ਮੀਆਂ।
ਪੁੱਠਾ ਈ ਕੰਮ ਕੁਝ ਮੋਦੀ ਸਰਕਾਰ ਕਰਿਆ,
ਜਿਸ ਦੀ ਚਰਚਾ ਸੰਸਾਰ ਵਿੱਚ ਹੋਈ ਮੀਆਂ।
ਨਿੰਦਾ ਕਰਦੀ ਤਾਂ ਦਿੱਸ ਰਹੀ ਕੁੱਲ ਦੁਨੀਆ,
ਚੰਗਾ ਕਹਿਣ ਲਈ ਲੱਭੇ ਨਹੀਂ ਕੋਈ ਮੀਆਂ।

**ਤੀਸ ਮਾਰ ਖਾਂ**

# ਪਾਕਿਸਤਾਨ ਵਿਚਲੇ ਗੁਰਦੁਆਰਾ ਨਨਕਾਣਾ ਸਾਹਿਬ ਉੱਤੇ ਹਮਲੇ ਦੇ 3 ਦੋਸ਼ੀਆਂ ਨੂੰ ਕੈਦ ਦੀ ਸਜ਼ਾ

## * ਗ੍ਰੰਥੀ ਸਿੰਘ ਦੀ ਧੀ ਨੂੰ ਅਗਵਾ ਕਰਨ ਪਿੱਛੋਂ ਹੋਈ ਸੀ ਹਿੰਸਾ

ਇਸਲਾਮਾਬਾਦ, 13 ਜਨਵਰੀ, (ਪੋਸਟ ਬਿਊਰੋ)- ਪਾਕਿਸਤਾਨ ਦੇ ਲਾਹੌਰ ਸ਼ਹਿਰ ਦੀ ਐਂਟੀ ਟੈਰੇਰਿਜ਼ਮ ਕੋਰਟ (ਏ ਟੀ ਸੀ) ਨੇ ਕੱਲ੍ਹ ਇਸ ਦੇਸ਼ ਦੇ ਪੰਜਾਬ ਰਾਜ ਵਿਚਲੇ ਗੁਰਦੁਆਰਾ ਨਨਕਾਣਾ ਸਾਹਿਬ ਵਿਚ ਭੰਨ-ਤੋੜ ਕਰਨ ਦੇ 3 ਦੋਸ਼ੀਆਂ ਨੂੰ ਦੋ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਹ ਮਾਮਲਾ ਪਿਛਲੇ ਸਾਲ ਦਾ ਹੈ, ਜਦੋਂ ਇਕ ਸਿੱਖ ਕੁੜੀ ਦਾ ਧਰਮ ਪਰਿਵਰਤਨ ਤੇ ਜ਼ਬਰੀ ਵਿਆਹ ਕਰਾਉਣ ਪਿੱਛੋਂ ਮੁਸਲਮਾਨਾਂ ਅਤੇ ਸਿੱਖਾਂ ਵਿਚਾਲੇ ਤਣਾਅ ਪੈਦਾ ਹੋ ਗਿਆ ਸੀ।

ਗੁਰਦੁਆਰਾ ਨਨਕਾਣਾ ਸਾਹਿਬ ਨੂੰ ਗੁਰਦੁਆਰਾ ਜਨਮ ਸਥਾਨ ਵੀ ਕਿਹਾ ਜਾਂਦਾ ਹੈ, ਕਿਉਂਕਿ ਪਹਿਲੇ ਗੁਰੂ ਨਾਨਕ ਦੇਵ ਜੀ ਦਾ ਜਨਮ ਏਥੇ ਹੋਇਆ ਸੀ। ਪਿਛਲੇ ਸਾਲ ਜਨਵਰੀ ਵਿਚ ਹਿੰਸਕ ਭੀੜ ਨੇ ਗੁਰਦੁਆਰੇ ਉੱਤੇ ਹਮਲਾ ਕੀਤਾ ਤੇ ਧਰਮ ਦੇ ਨਾਮ ਉੱਤੇ ਪੱਥਰਬਾਜ਼ੀ ਕਰ ਕੇ 'ਗੁਲਾਮ-ਏ-ਮੁਸਤਫਾ' ਸਥਾਨ ਬਣਾਉਣ ਲਈ ਗੁਰਦੁਆਰਾ ਜਨਮ ਅਸਥਾਨ ਨੂੰ ਨਸ਼ਟ ਕਰਨ ਦੀ ਧਮਕੀ ਦਿੱਤੀਸੀ, ਪਰ ਪੁਲਸ ਨੇ ਸਥਿਤੀ ਨੂੰ ਕੰਟਰੋਲ ਕਰ ਲਿਆ ਸੀ।



ਕੋਰਟ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਮੰਗਲਵਾਰ ਨੂੰ ਲਾਹੌਰ ਦੀਅੱਤਵਾਦ ਵਿਰੋਧੀ ਕੋਰਟ ਨੇ ਇਸ ਕਾਂਡ ਦੇ ਮੁੱਖ ਦੋਸ਼ੀ ਇਮਰਾਨ ਚਿਸ਼ਤੀ ਨੂੰ 2 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਤੇ 10,000 ਰੁਪਏ ਦਾ ਜੁਰਮਾਨਾ ਕੀਤਾ ਹੈ। ਦੋ ਹੋਰ ਦੋਸ਼ੀਆਂ (ਮੁਹੰਮਦ ਸਲਮਾਨ ਅਤੇ ਮੁਹੰਮਦ ਅਹਿਮਦ) ਨੂੰ 6-6 ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਚਾਰ ਹੋਰ ਦੋਸ਼ੀਆਂ ਨੂੰ ਸਬੂਤਾਂ ਦੀ ਘਾਟ ਕਾਰਨ ਅਦਾਲਤ ਨੇ ਬਰੀ ਕਰ ਦਿੱਤਾਹੈ। ਐਂਟੀ ਟੈਰੇਰਿਜ਼ਮ ਕੋਰਟ ਵੱਲੋਂ ਸਜ਼ਾ ਸੁਣਾਏ ਜਾਣ ਵੇਲੇ ਸਾਰੇ ਦੋਸ਼ੀ ਅਦਾਲਤ ਵਿਚ ਮੌਜੂਦ ਸਨ। ਉਨ੍ਹਾਂ ਦੀ ਸਜ਼ਾ ਪਿੱਛੋਂਧਾਰਮਿਕ ਆਗੂਆਂ ਵੱਲੋਂਹੋਣ ਵਾਲੇ ਕਿਸੇ ਪ੍ਰਦਰਸ਼ਨ ਨੂੰ ਸੰਭਾਲਣ ਲਈ ਸਖ਼ਤ ਸੁਰੱਖਿਆ ਪ੍ਰਬੰਧ ਵੀ ਸਰਕਾਰ ਨੇ ਕੀਤੇ ਹੋਏ ਸਨ।

ਇਮਰਾਨ ਚਿਸ਼ਤੀ ਰਾਜ ਸਰਕਾਰ ਦੇ ਮੱਛੀ ਵਿਭਾਗ ਵਿਚ ਕੰਮ ਕਰਦਾ ਹੈ। ਉਸ ਨੂੰ ਤੇ 2 ਹੋਰ ਦੋਸ਼ੀਆਂ ਨੂੰ ਪਿਛਲੇ ਸਾਲ ਗੁਰਦੁਆਰੇ ਉੱਤੇ ਹੋਏ ਹਮਲੇ ਦੇ ਬਾਅਦ ਅੱਤਵਾਦ ਅਤੇ ਕੁਫਰ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਅਤੇ ਪਾਕਿ-ਸਤਾਨ ਪੀਨਲ ਕੋਡ ਅਤੇ ਐਂਟੀ ਟੈਰੇਰਿਜ਼ਮ ਐਕਟ ਦੀ ਧਾਰਾ 295ਏ, 290, 291, 341, 506, 148 ਅਤੇ 149 ਹੇਠ ਦੋਸ਼ੀ ਦੱਸਿਆ ਗਿਆ ਸੀ। ਇਸ ਬਾਰੇ ਦਰਜ ਕੇਸ ਮੁਤਾਬਕ ਇਮਰਾਨ ਚਿਸ਼ਤੀ ਨੇ ਧਰਮ ਦੇ ਨਾਮ ਉੱਤੇਭੀੜ ਨੂੰ ਉਕਸਾਇਆ ਸੀ। ਉਹ ਆਪਣਾ ਪਰਿਵਾਰਕ ਮੁੱਦਾ ਹੱਲ ਕਰਵਾਉਣਾ ਚਾਹੁੰਦਾ ਸੀ, ਇਸ ਲਈ ਨਨਕਾਣਾ ਸ਼ਹਿਰ ਵਿਚ ਕਾਨੂੰਨ ਵਿਵਸਥਾ ਖਰਾਬ ਕਰਨ ਦਾ ਯਤਨ ਕੀਤਾ ਸੀ। ਉਸ ਦੇ ਵੱਡੇ ਭਰਾ ਮੁਹੰਮਦ ਹਸਨ ਨੇ ਸਤੰਬਰ 2020 ਵਿਚ ਇਕ ਨਾਬਾਲਗ ਸਿੱਖ ਕੁੜੀ ਜਗਜੀਤ ਕੌਰ ਨੂੰ ਅਗਵਾ ਕੀਤਾ ਤੇ ਇਸਲਾਮ ਕਬੂਲ ਕਰਵਾ ਕੇ ਵਿਆਹ ਕਰਵਾਇਆ ਸੀ। ਨਨਕਾਣਾ ਸਾਹਿਬ ਦੇ ਮੁਸਲਮਾਨ ਤੇ ਸਿੱਖ ਇਸ ਤੋਂ ਆਹਮੋ-ਸਾਹਮਣੇ ਆ ਗਏ ਸਨ। ਚਿਸ਼ਤੀ ਨੇ ਦਾਅਵਾ ਕੀਤਾ ਸੀ ਕਿ ਗੁਰਦੁਆਰੇ ਦੇ ਗ੍ਰੰਥੀ ਦੀ ਧੀ ਦੇ ਨਾਲ ਵਿਆਹ ਕਰਨ ਦੇ ਕਾਰਨ ਹਸਨ ਨੂੰ ਪੁਲਸ ਨੇ ਕੁੱਟਿਆ ਸੀ, ਜਿਸ ਤੋਂ ਭੀੜ ਭੜਕੀ ਸੀ।

## ਪਸ਼ਤੂਨ ਨੇਤਾਵਾਂ ਦੀ ਗ੍ਰਿਫ਼ਤਾਰੀ ਵਿਰੁੱਧ ਵਾਸ਼ਿੰਗਟਨ 'ਚ ਪ੍ਰਦਰਸ਼ਨ



ਵਾਸ਼ਿੰਗਟਨ, 13 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ 'ਚ ਪਸ਼ਤੂਨ ਘੱਟ ਗਿਣਤੀ ਲੋਕਾਂ ਲਈ ਮੁਹਿੰਮ ਚਲਾਉਣ ਵਾਲੇ ਨਾਗਰਿਕ ਅਧਿਕਾਰ ਮੂਵਮੈਂਟ ਦੇ ਨੇਤਾਵਾਂ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਵਾਸ਼ਿੰਗਟਨ 'ਚ ਪਾਕਿਸਤਾਨ ਦੇ ਰਾਜਦੂਤ ਦੇ ਨਿਵਾਸ ਦੇਂ ਬਾਹਰ ਸੈਂਕੜੇ ਵਰਕਰਾਂ ਨੇ ਪ੍ਰਦਰਸ਼ਨ ਕੀਤਾ। ਡਾ. ਸੈਦ ਅਲਮ ਮਹਿਸੂਦ ਅਤੇ ਵਲੀ ਵਜ਼ੀਰ ਦੇ ਖ਼ਿਲਾਫ਼ ਦੇਸ਼-ਵਿਰੋਧੀ ਕੇਸ ਚਲਾਏ ਜਾਣ ਦੇ ਐਲਾਨ ਤੋਂ ਬਾਅਦ ਪਸ਼ਤੂਨ ਤਹਿਫੂਜ ਮੂਵਮੈਂਟ ਦੇ ਮੈਂਬਰਾਂ ਨੇ ਵਾਸ਼ਿੰਗਟਨ ਮੈਟਰੋ ਖੇਤਰ 'ਚ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਦੋਸ਼ਾਂ ਨੂੰ ਰੱਦ ਕੀਤਾ ਅਤੇ ਨੇਤਾਵਾਂ ਦੀ ਤੁਰੰਤ ਅਤੇ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ। ਪਸ਼ਤੂਨ ਤਹਿਫੂਜ ਮੂਵਮੈਂਟ ਦੇ ਇੱਕ ਮੈਂਬਰ ਨੇ ਪ੍ਰਦਰਸ਼ਨ ਦੌਰਾਨ ਮਹੱਤਵਪੂਰਨ ਐਲਾਨ ਕਰਦੇ ਹੋਏ ਦੱਸਿਆ ਕਿ ਛੇਤੀ ਹੀ ਨਿਊਯਾਰਕ ਤੋਂ ਵਾਸ਼ਿੰਗਟਨ ਲਈ 350 ਮੀਲ ਲੰਬਾ ਮਾਰਚ ਕੱਢਿਆ ਜਾਵੇਗਾ ਤਾਂ ਕਿ ਪਸ਼ਤੂਨ ਲੋਕਾਂ 'ਤੇ ਪਾਕਿਸਤਾਨ ਵੱਲੋਂ ਕੀਤੇ ਜਾਂਦੇ ਅਤਿਆਚਾਰਾਂ 'ਤੇ ਲੋਕਾਂ ਦਾ ਧਿਆਨ ਦਵਾਇਆ ਜਾ ਸਕੇ।

## ਹਜ਼ਾਰਾ ਯੂਨੀਵਰਸਿਟੀ ਵੱਲੋਂ ਟਾਈਟ ਜੀਨਸ ਪਾਉਣ ਅਤੇ ਮੇਕਅੱਪ 'ਤੇ ਪਾਬੰਦੀ ਲਾਗੂ

ਇਸਲਾਮਾਬਾਦ, 13 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਇੱਕ ਯੂਨੀਵਰਸਿਟੀ ਵੱਲੋਂ ਡ੍ਰੈਸ ਕੋਡ ਜਾਰੀ ਕਰਨ 'ਤੇ ਵਿਵਾਦ ਸ਼ੁਰੂ ਹੋ ਗਿਆ ਅਤੇ ਇਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ।

ਮਾਨਸ਼ੇਰਾ ਵਿਚਲੀ ਹਜ਼ਾਰਾ ਯੂਨੀਵਰਸਿਟੀ ਨੇ ਕਿਹਾ ਹੈ ਕਿ ਪੜ੍ਹਨ ਆਉਂਦੀਆਂ ਕੁੜੀਆਂ ਟਾਈਟ ਜੀਨਸ ਅਤੇ ਟੀ-ਸ਼ਰਟ ਨਾ ਪਾਉਣ। ਇਹੀ ਨਹੀਂ, ਕੁੜੀਆਂ ਦੇ ਮੇਕਅੱਪ ਕਰਨ, ਜਿਊਲਰੀ ਪਾਉਣ ਅਤੇ ਵੱਡੇ-ਵੱਡੇ ਹੈਂਡ ਬੈਗ ਲਿਆਉਣ 'ਤੇ ਵੀ ਬੈਨ ਲਾ ਦਿੱਤਾ ਗਿਆ ਹੈ। ਯੂਨੀਵਰਸਿਟੀ ਨੇ ਮੁੰਡਿਆਂ ਲਈ ਵੀ ਸਖ਼ਤ ਪਾਬੰਦੀਆਂ ਲਾਈਆਂ ਹਨ। ਇਸ ਆਦੇਸ਼ ਦਾ ਵਿਦਿਆਰਥੀਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਹਜ਼ਾਰਾ ਯੂਨੀਵਰਸਿਟੀ ਨੇ ਮੁੰਡਿਆਂ ਨੂੰ ਕਿਹਾ ਹੈ ਕਿ ਉਹ ਟਾਈਟ ਜੀਨਸ, ਸ਼ਾਰਟਸ, ਚੇਨ ਅਤੇ ਸਲੀਪਰ ਪਾ ਕੇ ਨਾ ਆਉਣ ਅਤੇ ਮੁੰਡਿਆਂ ਦੇ ਲੰਬੇ ਵਾਲ ਰੱਖਣ ਅਤੇ ਪੋਨੀ ਟੇਲ ਉੱਤੇ ਵੀ ਬੈਨ ਲਾ ਦਿੱਤਾ ਗਿਆ ਹੈ। ਵਿਦਿਆਰਥੀਆਂ ਨੂੰ ਕਿਹਾ ਗਿਆ ਹੈ ਕਿ ਉਹ ਯੂਨੀਵਰਸਿਟੀ ਵਿੱਚ ਆਈ ਕਾਰਡ ਦੇ ਬਗੈਰ ਨਾ ਆਉਣ। ਯੂਨੀਵਰਸਿਟੀ ਨੇ ਆਪਣੇ ਕਰਮਚਾਰੀਆਂ ਨੂੰ ਵੀ ਕਿਹਾ ਹੈ ਕਿ ਸਾਫ ਕੱਪੜੇ ਪਾ ਕੇ ਆਉਣ। ਅਧਿਆਪਕਾਂ ਨੂੰ ਕਿਹਾ ਕਿ ਉਹ ਜਦ ਵੀ ਲੈਕਚਰ ਲੈਣ ਜਾਣ ਤਾਂ ਕਾਲਾ ਕੋਟ ਪਾ ਕੇ ਜਾਣ।



## ਸਰਕਾਰੀ ਕੰਮ ਵਿੱਚ ਅੜਿੱਕੇ ਦੇ ਦੋਸ਼ ਹੇਠ ਡੇਢ ਸੌ ਅਕਾਲੀ ਵਰਕਰਾਂ ਖਿਲਾਫ ਕੇਸ ਦਰਜ

ਬਠਿੰਡਾ, 13 ਜਨਵਰੀ (ਪੋਸਟ ਬਿਊਰੋ)- ਕੋਆਪਰੇਟਿਵ ਸੋਸਾਈਟੀ ਮਲੂਕਾ ਦੇ ਚੋਣ ਅਮਲ 'ਚ ਵਿਘਨ ਪਾਉਣ ਦੇ ਦੋਸ਼ਾਂ ਹੇਠ ਦਿਆਲਪੁਰਾ ਭਾਈਕਾ ਥਾਣੇ 'ਚ ਪਰਚਾ ਦਰਜ ਕੀਤਾ ਗਿਆ ਹੈ। ਮੁਲਜ਼ਮਾਂ 'ਚ 150 ਅਣਪਛਾਤੇ ਅਤੇ ਇੱਕ ਦਰਜਨ ਵਿਅਕਤੀਆਂ ਦੇ ਨਾਵਾਂ ਦੀ ਪਛਾਣ ਨਾਲ ਕੇਸ ਦਰਜ ਹੋਇਆ ਹੈ। ਅਨੁਸਾਰ ਇਨ੍ਹਾਂ 'ਚੋਂ ਬਹੁਤਿਆਂ ਦਾ ਸਬੰਧ ਅਕਾਲੀ ਦਲ ਨਾਲ ਹੈ ਅਤੇ ਇਨ੍ਹਾਂ ਨੂੰ ਧੜੇਬੰਦੀ ਦਾ ਸ਼ਿਕਾਰ ਬਣਾਇਆ ਦੱਸਿਆ ਗਿਆ ਹੈ।

ਇਸ ਕੇਸ ਵਿੱਚ ਨਾਮਜ਼ਦ ਹੋਏ ਲੋਕਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਰਤਨ ਸ਼ਰਮਾ, ਜਗਮੋਹਨ ਲਾਲ ਅਤੇ ਹਰਿੰਦਰ ਸਿੰਘ ਦੇ ਨਾਂਅ ਪ੍ਰਮੁੱਖ ਹਨ। ਹੋਰਨਾਂ ਵਿੱਚ ਰੇਸ਼ਮ ਸਿੰਘ, ਗੁਰਲਾਲ ਸਿੰਘ, ਬਲਜੀਤ ਰਾਮ, ਸੁਖਦੇਵ ਸਿੰਘ, ਜਤਿੰਦਰ ਸਿੰਘ, ਬੂਟਾ ਸਿੰਘ, ਸਤਿਗੁਰੂ ਸਿੰਘ, ਹਰਜੀਤ ਸਿੰਘ ਅਤੇ ਗੁਰਜੰਟ ਸਿੰਘ ਦੇ ਨਾਂਅ ਹਨ। ਇਨ੍ਹਾਂ ਸਾਰਿਆਂ ਉਤੇ ਸਰਕਾਰੀ ਕੰਮ ਵਿੱਚ ਵਿਘਨ ਪਾਉਣ, ਰਿਟਰਨਿੰਗ ਅਧਿਕਾਰੀ ਜਿਤੇਸ਼ ਕੁਮਾਰ, ਪੁਲਸ ਇੰਸਪੈਕਟਰ ਅਮਨਪਾਲ ਸਿੰਘ ਨੂੰ ਧਮਕੀਆਂ ਦੇਣ, ਪੁਲਸ ਮੁਲਾਜ਼ਮਾਂ ਨਾਲ ਧੱਕਾਮੁੱਕੀ ਕਰਨ, ਪੁਲਸ ਗੱਡੀ 'ਤੇ ਹਮਲਾ ਅਤੇ ਉਥੇ ਪਏ ਸਾਮਾਨ ਦੀ ਭੰਨਤੋੜ ਕਰਨ ਦੇ ਦੋਸ਼ ਲਾਏ ਗਏ ਹਨ। ਰੇਸ਼ਮ ਸਿੰਘ ਵੱਲੋਂ ਪੁਲਸ ਨੂੰ ਦਿੱਤੀ ਸ਼ਿਕਾਇਤ ਮੁਤਾਬਕ 11 ਜਨਵਰੀ ਨੂੰ ਕੋਆਪਰੇ-ਟਿਵ ਸੋਸਾਈਟੀਮਲੂਕਾ ਦੀ ਚੋਣ ਸੀ ਤੇ ਉਸ ਦੇ ਲੜਕੇ ਬਲਦੇਵ ਸਿੰਘ ਨੇ ਕਾਗਜ਼ ਦਾਖਲ ਕਰਨੇ ਸਨ। ਇਸ ਰੱਫੜ ਦੀ ਵਜ੍ਹਾ ਸਿਆਸੀ ਰੰਜਿਸ਼ ਦੱਸੀ ਗਈ ਹੈ। ਸਾਬਕਾ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਇਸੇ ਪਿੰਡ ਦੇ ਹਨ। ਉਨ੍ਹਾਂ ਸੱਤਾਧਾਰੀ ਧਿਰ 'ਤੇ ਸਾਜ਼ਿਸ਼ ਹੇਠ ਅਕਾਲੀ ਵਰਕਰਾਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ ਲਾ ਕੇ ਸਖਤ ਨਿੰਦਾ ਕੀਤੀ ਹੈ।

## ਕਾਮਰੇਡ ਬਲਵਿੰਦਰ ਕਤਲ ਕਾਂਡ ਵਿੱਚ ਦਿੱਲੀ ਤੋਂ ਭਾਅ, ਭੂਰਾ ਤੇ ਹੋਰ ਦੋਸ਼ੀ ਲਿਆਂਦੇ ਗਏ

ਤਰਨ ਤਾਰਨ, 13 ਜਨਵਰੀ (ਪੋਸਟ ਬਿਊਰੋ)- ਸ਼ੌਰਿਆ ਚੱਕਰ ਵਾਲੇ ਕਾਮਰੇਡ ਬਲਵਿੰਦਰ ਸਿੰਘ ਭਿੱਖੀਵਿੰਡ ਦੇ ਕਤਲ ਵਿੱਚ ਸ਼ਾਮਲ ਦੋ ਸ਼ੂਟਰ, ਜਿਨ੍ਹਾਂ ਨੂੰ ਦਿੱਲੀ ਸਪੈਸ਼ਲ ਸੈਲ ਦੀ ਪੁਲਸ ਨੇ ਹਿਜ਼ਬੁਲ ਮੁਜਾਹਦੀਨ ਦੇ ਤਿੰਨ ਸ਼ੱਕੀ ਅੱਤਵਾਦੀਆਂਸਮੇਤ ਦਿੱਲੀ ਤੋਂ ਗ੍ਰਿਫਤਾਰ ਕੀਤਾ ਸੀ, ਨੂੰ ਤਰਨ ਤਾਰਨ ਪੁਲਸ ਕੱਲ੍ਹ ਪ੍ਰੋਡਕਸ਼ਨ ਵਾਰੰਟ 'ਤੇ ਲਿਆਈ ਹੈ। ਪੰਜਾਂ ਨੂੰ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਪੱਟੀ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਨ੍ਹਾਂ ਦਾ ਪੰਜ ਦਿਨਾਂ ਪੁਲਸ ਰਿਮਾਂਡ ਲਿਆ ਗਿਆ ਹੈ। ਇਸ ਦੇ ਪੁਲਸ ਇਨ੍ਹਾਂ ਮੁਲਜ਼ਮਾਂ ਕੋਲੋਂ ਪੁੱਛਗਿੱਛ ਕਰ ਰਹੀ ਹੈ।

ਵਰਨਣ ਯੋਗ ਹੈ ਕਿ 16 ਅਕਤੂਬਰ ਨੂੰ ਸ਼ੌਰਿਆ ਚੱਕਰ ਵਾਲੇ ਕਾਮਰੇਡ ਬਲਵਿੰਦਰ ਸਿੰਘ ਦੇ ਘਰ ਵੜ ਕੇ ਕੁਝ ਲੋਕਾਂ ਨੇ ਉਸ ਦਾ ਗੋਲੀਆਂ ਮਾਰ ਕੇ ਕਤਲ ਕੀਤਾ ਸੀ। ਇਹ ਕਤਲ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਦੱਸੇ ਜਾਂਦੇ ਸ਼ੂਟਰ ਗੁਰਜੀਤ ਸਿੰਘ ਭਾਅ ਅਤੇ ਸੁਖਦੀਪ ਸਿੰਘ ਭੂਰੇ ਨੇ ਕੀਤਾ ਸੀ। ਭਾਅ ਅਤੇ ਭੂਰੇ ਨੂੰ ਦਿੱਲੀ ਦੇ ਸਪੈਸ਼ਲ ਸੈਲ ਦੀ ਪੁਲਸ ਨੇ ਜੰਮੂ ਕਸ਼ਮੀਰ ਦੇ ਵਾਸੀ ਹਿਜ਼ਬੁਲ ਮੁਜ਼ਾਹਦੀਨ ਦੇ ਦਹਿਸ਼ਤਗਰਦਾਂ ਸਬੀਰ ਅਹਿਮਦ ਗੋਜਰੀ, ਆਯੂਬ ਪਠਾਨ, ਰਿਆਜ਼ ਰਠੇਰ ਨਾਲ ਗ੍ਰਿਫਤਾਰ ਕਰ ਲਿਆ ਸੀ। ਦੋਵਾਂ ਸ਼ੂਟਰਾਂ ਦੇ ਸਬੰਧ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਨਾਲ ਹੋਣ ਦਾ ਸ਼ੱਕ ਜ਼ਾਹਰ ਕੀਤਾ ਜਾ ਰਿਹਾ ਹੈ।ਪੁਲਸ ਮੁਤਾਬਕ ਏ ਕੈਟਾਗਰੀ ਦੇ ਗੈਂਗਸਟਰ ਸੁੱਖ ਭਿਖਾਰੀਵਾਲ ਨੇ ਇਹ ਕਤਲ ਭੂਰੇ ਅਤੇ ਭਾਅ ਤੋਂ ਸੁਪਾਰੀ ਦੇ ਕੇ ਕਰਆਇਆ ਸੀ। ਭਿਖਾਰੀਵਾਲ ਨੂੰ ਦੁਬਈ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਭੂਰੇ ਤੋਂ ਭਾਅ ਨੂੰ ਡੀ ਐਸ ਪੀ (ਇਨਵੈਸਟੀਗੇਸ਼ਨ) ਕਮਲਜੀਤ ਸਿੰਘ ਔਲਖ ਦੀ ਅਗਵਾਈ ਹੇਠ ਪੁਲਸ ਟੀਮ ਦਿੱਲੀ ਦੀ ਦਿਹਾੜ ਜੇਲ੍ਹ ਤੋਂ ਇੱਥੇ ਲਿਆਈ ਅਤੇ ਪੱਟੀ ਦੀ ਅਦਾਲਤ ਵਿੱਚ ਪੇਸ਼ ਕੀਤਾ ਹੈ। ਐਸ ਐਸ ਪੀ ਧਰੂਮਨ ਐਚ ਨਿੰਬਲੇ ਨੇ ਦੱਸਿਆ ਕਿ ਭਾਅ ਤੇ ਭੂਰੇ ਤੋਂ ਬਿਨਾ ਤਿੰਨਾਂ ਕਸ਼ਮੀਰੀ ਵਿਅਕਤੀਆਂ ਦਾ ਪੰਜ ਦਿਨਾਂ ਦਾ ਪੁਲਸ ਰਿਮਾਂਡ ਲਿਆ ਗਿਆ ਹੈ।

## ਪਾਕਿਸਤਾਨ 'ਚ ਬੰਦ ਭਾਰਤੀ ਜੰਗੀ ਕੈਦੀਆਂ ਦੀ ਰਿਹਾਈ ਦੀ ਮੰਗ

ਅੰਮ੍ਰਿਤਸਰ, 13 ਜਨਵਰੀ (ਪੋਸਟ ਬਿਊਰੋ)- ਭਾਰਤ-ਪਾਕਿਸਤਾਨ ਵਿਚਾਲੇ 1971 ਦੀ ਜੰਗ ਦੀ 50ਵੀਂ ਵਰ੍ਹੇਗੰਢ ਜਦੋਂ ਮਨਾਈ ਜਾ ਰਹੀ ਹੈ ਤਾਂ ਇਸ ਮੌਕੇ ਪਾਕਿਸਤਾਨ ਦੀਆਂ ਜੇਲ੍ਹਾਂ ਵਿੱਚ ਬੰਦ ਜੰਗੀ ਕੈਦੀਆਂ ਦੀ ਰਿਹਾਈ ਦਾ ਮੁੱਦਾ ਮੁੜ ਉਠ ਪਿਆ ਹੈ। ਲੋਕ ਇਨਸਾਫ ਮੋਰਚਾ ਸੁਸਾਇਟੀ ਜਥੇਬੰਦੀ ਨੇ ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਭੇਜ ਕੇ ਜੰਗੀ ਕੈਦੀਆਂ ਦੀ ਰਿਹਾਈ ਲਈ ਪਾਕਿਸਤਾਨ ਨਾਲ ਗੱਲਬਾਤ ਕਰਨ ਦੀ ਅਪੀਲ ਕੀਤੀ ਹੈ।

ਇਸ ਜਥੇਬੰਦੀ ਦੇ ਪ੍ਰਧਾਨ ਲਖਵਿੰਦਰ ਸਿੰਘ ਨੇ ਇਸ ਬਾਰੇ ਪ੍ਰਧਾਨ ਮੰਤਰੀ ਨੂੰ ਪੱਤਰ ਭੇਜ ਕੇ ਲਿਖਿਆ ਹੈ ਕਿਸਾਲ 1971 ਦੀ ਜੰਗ ਨੂੰ 50 ਸਾਲ ਬੀਤ ਚੁੱਕੇ ਹਨ, ਪਰ ਇਸ ਜੰਗ ਦੇ ਬੰਦੀ ਅੱਜ ਤੱਕ ਲਹਿੰਦੇ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਉਸ ਨੇ ਕਿਹਾ ਕਿ ਜੰਗੀ ਕੈਦੀਆਂ ਦੀ ਰਿਹਾਈ ਅਜੇ ਤੱਕ ਨਾ ਹੋਣਾ ਕੇਂਦਰ ਸਰਕਾਰ ਦੀ ਬੇਪ੍ਰਵਾਹੀ ਦੀ ਨਿਸ਼ਾਨੀ ਹੈ। ਉਸ ਨੇ ਦੱਸਿਆ ਕਿ 1976 ਵਿੱਚ ਲੋਕ ਸਭਾ ਵਿੱਚ ਇਸ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ ਤਤਕਾਲੀ ਵਿਦੇਸ਼ ਮੰਤਰੀ ਨੇ 54 ਨਾਂਵਾਂ ਦੀ ਸੂਚੀ ਜਾਰੀ ਕੀਤੀ ਸੀ, ਜਿਸ ਨੂੰ ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਮੰਨਿਆ ਸੀ। ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਲੋਕ ਸਭਾ ਵਿੱਚਇਸੇ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਨਰਿੰਦਰ ਮੋਦੀ ਸਰਕਾਰ ਨੇ 83 ਭਾਰਤੀ ਜੰਗੀ ਕੈਦੀ ਓਧਰ ਦੀਆਂ ਜੇਲ੍ਹਾਂ ਵਿੱਚ ਬੰਦ ਹੋਣ ਬਾਰੇ ਦੱਸਿਆ ਸੀ। ਉਨ੍ਹਾਂ ਕਿਹਾ ਕਿ ਜੰਗੀ ਕੈਦੀਆਂ ਵਿੱਚ ਦਸ ਸਿੱਖ ਰੈਜੀਮੈਂਟ ਦੇ ਬਲਵਿੰਦਰ ਸਿੰਘ, ਚਾਰ ਸਿੱਖ ਰੈਜੀਮੈਂਟ ਦੇ ਧਰਮਪਾਲ ਸਿੰਘ, 15 ਪੰਜਾਬ ਰੈਜੀਮੈਂਟ ਦੇ ਬੀਰ ਸਿੰਘ ਸਣੇ ਹੋਰ ਕਈਆਂ ਦੇ ਨਾਂਅ ਨਹੀਂ ਹਨ, ਜਿਸ ਕਾਰਨ ਸ਼ੱਕ ਹੈ ਕਿ ਜੰਗੀ ਕੈਦੀਆਂ ਦੀ ਗਿਣਤੀ ਵੱਧ ਹੋ ਸਕਦੀ ਹੈ।

## ਅਲੀਵਾਲ ਡਬਲ ਮਰਡਰ ਕੇਸ ਦਾ ਦੋਸ਼ੀ ਫੜਿਆ ਗਿਆ

ਜਲੰਧਰ, 13 ਜਨਵਰੀ (ਪੋਸਟ ਬਿਊਰੋ)- ਲੋਹੀਆਂ ਇਲਾਕੇ ਦੇ ਪਿੰਡ ਅਲੀਵਾਲ ਵਿੱਚ ਤਿੰਨ ਜਨਵਰੀ ਦੀ ਰਾਤਨੂੰ ਹੋਏ ਦੋਹਰੇ ਅੰਨ੍ਹੇ ਕਤਲ ਕੇਸ ਨੂੰ ਦਿਹਾਤੀ ਜ਼ਿਲਾ ਪੁਲਸ ਨੇ ਟੈਕਨੀਕਲ ਢੰਗ ਨਾਲ ਜਾਂਚ ਕਰਨ ਪਿੱਛੋਂ ਟਰੇਸ ਕਰਦੇ ਹੋਏ ਇੱਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ੀ ਦੀ ਪਛਾਣ ਬਲਵਿੰਦਰ ਸਿੰਘ ਉਰਫ ਸੰਨੀ ਪੁੱਤਰ ਭਜਨ ਸਿੰਘ ਪਿੰਡ ਅਲੀਵਾਲ ਦੇ ਤੌਰ 'ਤੇ ਹੋਈ ਹੈ। ਉਸ ਨੂੰ ਪੁਲਸ ਨੇ ਤਿੰਨ ਦਿਨ ਦੇ ਰਿਮਾਂਡ 'ਤੇ ਲਿਆ ਹੈ।

ਐਸ ਐਸ ਪੀ ਦਿਹਾਤੀ ਸੰਦੀਪ ਗਰਗ ਨੇ ਦੱਸਿਆ ਕਿ ਤਿੰਨ ਜਨਵਰੀ ਨੂੰ ਜਸਪਾਲ ਸਿੰਘ ਪੁੱਤਰ ਬਚਨ ਸਿੰਘ ਪਿੰਡ ਅਲੀਵਾਲ ਥਾਣਾ ਲੋਹੀਆਂ ਨੇਸ਼ਿਕਾਇਤ ਦਿੱਤੀ ਸੀ ਕਿ ਉਸ ਦੀ ਚਾਚੀ ਕਰਤਾਰੀ, ਜੋ ਗੂੰਗੀ-ਬੋਲੀ ਸੀ ਅਤੇ ਉਸ ਦੇ ਚਾਚਾ ਸੌਦਾਗਰ ਸਿੰਘ ਦੀ ਵੀਹ ਸਾਲ ਪਹਿਲਾਂ ਮੌਤ ਹੋ ਚੁੱਕੀ ਹੈ। ਚਾਚੀ ਆਪਣੇ ਬੇਟੇ ਮੰਗਤ ਰਾਮ ਨਾਲ ਪਿੰਡ ਵਿੱਚ ਜੱਦੀ ਮਕਾਨ ਵਿੱਚ ਰਹਿੰਦੀ ਸੀ। ਸ਼ਿਕਾਇਤ ਕਰਤਾ ਅਨੁਸਾਰ ਉਹ ਆਪਣੇ ਚਚੇਰੇ ਭਰਾ ਮੰਗਤ ਦਾ ਮੋਬਾਈਲ ਫੋਨ ਟਰਾਈ ਕਰ ਰਿਹਾ ਸੀ, ਪਰ ਉਸ ਦਾ ਫੋਨ ਸਵਿੱਚ ਆਫ ਆ ਰਿਹਾ ਸੀ, ਇਸ ਲਈ ਉਹ ਚਾਚੀ ਦੇ ਘਰ ਗਿਆ ਤਾਂ ਦੇਖਿਆ ਕਿ ਚਾਚੀ ਦੀ ਲਾਸ਼ ਮੰਜੇ 'ਤੇ ਖੂਨ ਨਾਲ ਲਥਪਥ ਪਈ ਹੋਈ ਸੀ। ਥਾਣਾ ਲੋਹੀਆਂ ਪੁਲਸ ਨੂੰ ਸੂਚਨਾ ਦਿੱਤੀ ਗਈ ਤਾਂ ਪੁਲਸ ਨੇ ਮੌਕੇ 'ਤੇ ਜਾਂਚ ਸ਼ੁਰੂ ਕੀਤੀ ਸੀ ਕਿ ਇਸੇ ਦੌਰਾਨ ਪਿੰਡ ਦੇ ਲੋਕਾਂ ਨੇ ਦੱਸਿਆ ਕਿ ਮੰਗਤ ਰਾਮ ਦੀ ਲਾਸ਼ ਖੇਤ ਵਿੱਚ ਪਈ ਹੈ ਜਿਸ ਤੋਂ ਬਾਅਦ ਪੁਲਸ ਨੇ ਕੇਸ ਦਰਜ ਕਰ ਕੇ ਜਾਂਚ ਕੀਤੀ ਸੀ। ਥਾਣਾ ਮੁਖੀ ਨੇ ਜਾਂਚ ਦੌਰਾਨ ਇਸ ਕੇਸ ਵਿੱਚ ਬਲਵਿੰਦਰ ਸਿੰਘ ਉਰਫ ਸੰਨੀ ਪਿੰਡ ਨਿਹਾਲੂਵਾਲ ਨੂੰ ਬੱਸ ਅੱਡੇ ਤੋਂ ਕਾਬੂ ਕੀਤਾ ਤਾਂ ਉਸ ਨੇ ਕਬੂਲਿਆ ਕਿ ਉਹ ਗੂੰਗੀ-ਬੋਲੀ ਔਰਤ ਦੇ ਘਰ ਚੋਰੀ ਕਰਨ ਗਿਆ ਸੀ, ਇਸ ਦੌਰਾਨ ਔਰਤ ਨੇ ਉਸ ਨੂੰ ਰੰਗੇ ਹੱਥੀਂ ਫੜ ਲਿਆ ਅਤੇ ਬਾਅਦ ਵਿੱਚ ਪੰਚਾਇਤ ਵਿੱਚ ਉਸ ਦੇ ਪਿਤਾ ਨੂੰ ਜ਼ਲੀਲ ਕੀਤਾ ਗਿਆ ਸੀ ਅਤੇ ਸਿਲੰਡਰ ਦਾ ਹਰਜਾਨਾ ਭਰਨਾ ਪਿਆ ਸੀ। ਇਸੇ ਦੀ ਰੰਜਿਸ਼ ਉਸ ਦੇ ਦਿੱਲ ਵਿੱਚ ਸੀ ਅਤੇ ਸੰਨੀ ਨੇ ਸਾਜ਼ਿਸ਼ ਤਹਿਤ ਗੂੰਗੀ-ਬੋਲੀ ਮਹਿਲਾ ਦੇ ਬੇਟੇ ਮੰਗਤ ਰਾਮ ਨੂੰ ਮੋਬਾਈਲ ਉਤੇ ਫਿਲਮ ਦਿਖਾਉਣ ਦੇ ਬਹਾਨੇ ਖੇਤ ਵਿੱਚ ਬੁਲਾ ਕੇ ਉਸੇ ਦੇ ਪਜਾਮੇ ਦੇ ਨਾਲੇ ਨਾਲ ਗਲਾ ਘੁੱਟ ਕੇ ਮਾਰ ਦਿੱਤਾ ਸੀ। ਇਸ ਦੇ ਬਾਅਦ ਉਸ ਦੇ ਘਰ ਜਾ ਕੇ (ਗੂੰਗੀ-ਬੋਲੀ) ਕਰਤਾਰੀ ਦੇ ਸਿਰ 'ਤੇ ਕੁਹਾੜੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ।

**ਨੈਨੀ ਦੀ ਲੋੜ**
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

**PUNJABI RANG RADIO**
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

**ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ**
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

**BEST CANADIAN TRUCK & FORKLIFT TRAINING CENTRE**
Registered as a Private Career College Under the Private Career College Act. 2005
- AZ Tractor trailer program
- Manual transmission & backup training everyday
- We welcome welfare workers & compensation clients

Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

**A-One Drivers TRAINING SCHOOL**
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

**GUNTAAS RADIO AM 530**
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

